ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ), ਪੰਜਾਬ, ਐਸ.ਏ.ਐਸ ਨਗਰ।
(ਕੋਆਰਡੀਨੇਸ਼ਨ ਸੈਲ)

ਸੇਵਾ ਵਿਖੇ

1. ਸਮੂਹ ਮੰਡਲ ਸਿੱਖਿਆ ਅਫਸਰ, ਪੰਜਾਬ।
2. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ./ਐਸਿ), ਪੰਜਾਬ।
3. ਪ੍ਰਿੰਸੀਪਲ, ਸਮੂਹ ਸਰਕਾਰੀ ਇਨ ਸਰਵਿਸ ਟ੍ਰੇਨਿੰਗ ਸੈਂਟਰ ਪੰਜਾਬ।
4. ਪ੍ਰਿੰਸੀਪਲ, ਸਮੂਹ ਰਾਜ ਸਾਇੰਸ ਸਿੱਖਿਆ ਸੰਸਥਾਵਾਂ, ਪੰਜਾਬ।

ਮੀਮੋ ਨੰ: 15/42-2014 ਕੋ ਸੈਲ (1)/640
ਮਿਤੀ: 27-12-2016

ਵਿਸ਼ਾ: ਕਰੰਟ ਡਿਊਟੀ ਚਾਰਜ ਦੇਣ ਬਾਰੇ।
ਹਵਾਲਾ: ਪੰਜਾਬ ਸਰਕਾਰ, ਪ੍ਰਸੋਨਲ ਵਿਭਾਗ (ਪ੍ਰਸੋਨਲ ਪਾਲਿਸੀਜ਼-1 ਸ਼ਾਖਾ) ਦਾ ਪੱਤਰ ਨੰ: 4/13/2015-3ਪੀ.ਪੀ.1/891189/1 ਮਿਤੀ 14-12-2016.

ਉਪਰੋਕਤ ਵਿਸ਼ੇ ਤੇ ਹਵਾਲਾ ਅਧੀਨ ਪੱਤਰ ਦੀ ਕਾਪੀ ਆਪ ਜੀ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜੀ ਜਾਂਦੀ ਹੈ।

ਨੱਥੀ: ਉਕਤ ਅਨੁਸਾਰ

ਸੁਪਰਡੈਂਟ ਕੋਆਰਡੀਨੇਸਨ ਸੈਲ

ਪਿੱ: ਅੰ: ਨੰ: ਉਕਤ ਮਿਤੀ: 27-12-2016

ਉਤਾਰਾ ਦਫਤਰ ਡੀ.ਪੀ.ਆਈ (ਸੈਸਿ), ਪੰਜਾਬ ਵਿਖੇ ਸਮੂਹ ਅਮਲਾ ਅਧਿਕਾਰੀਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਸੁਪਰਡੈਂਟ ਕੋਆਰਡੀਨੇਸਨ ਸੈਲ

ਪਿੱ: ਅੰ: ਨੰ: ਉਕਤ ਮਿਤੀ: 27-12-2016

ਉਤਾਰਾ ਹੇਠ ਲਿਖਿਆ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ:

1. ਪੀ.ਏ/ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ), ਪੰਜਾਬ।
2. ਪੀ.ਏ/ਡਾਇਰੈਕਟਰ ਸਿੱਖਿਆ ਵਿਭਾਗ (ਐਸਿ), ਪੰਜਾਬ।
3. ਪੀ.ਏ/ਡਾਇਰੈਕਟਰ ਐਸ.ਸੀ.ਈ.ਆਰ.ਟੀ, ਪੰਜਾਬ।
4. ਤਕਨੀਕੀ ਸਲਾਹਕਾਰ, ਦਫਤਰ ਡੀ.ਪੀ.ਆਈ (ਸੈਸਿ), ਪੰਜਾਬ।
5. ਖੇਤੀਬਾੜੀ ਸਲਾਹਕਾਰ, ਦਫਤਰ ਡੀ.ਪੀ.ਆਈ (ਸੈਸਿ), ਪੰਜਾਬ।

ਸੁਪਰਡੈਂਟ ਕੋਆਰਡੀਨੇਸਨ ਸੈਲ

4 PUC

57

ਨੰ: 4/13/2015-3ਪੀ.ਪੀ.1/891189/1

73480 ਨਵੰਬਰ 20/12/16 780 23/12/2016

ਪੰਜਾਬ ਸਰਕਾਰ
ਪ੍ਰਸੋਨਲ ਵਿਭਾਗ
(ਪ੍ਰਸੋਨਲ ਪਾਲਿਸੀਜ - 1 ਸਾਖਾ)

ਮਿਤੀ, ਚੰਡੀਗੜ੍ਹ: 14 ਦਸੰਬਰ, 2016

ਸੇਵਾ ਵਿਖੇ

ਪੰਜਾਬ ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ,
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈਕੋਰਟ,
ਸਮੂਹ ਡਵੀਜਨਾਂ ਦੇ ਕਮਿਸ਼ਨਰ,
ਸਮੂਹ ਜਿਲ੍ਹਿਆਂ ਦੇ ਡਿਪਟੀ ਕਮਿਸ਼ਨਰ ਅਤੇ
ਸਬ-ਡਵੀਜਨਲ ਮੈਜਿਸਟ੍ਰੇਟ।

ਵਿਸ਼ਾ:- ਕਰੰਟ ਡਿਊਟੀ ਚਾਰਜ ਦੇਣ ਬਾਰੇ।

ਸ੍ਰੀਮਾਨ/ਸ੍ਰੀਮਤੀ ਜੀ,

ਉਪਰੋਕਤ ਵਿਸ਼ੇ ਤੇ ਮੈਨੂੰ ਆਪ ਦਾ ਧਿਆਨ ਇਸ ਵਿਭਾਗ ਵੱਲੋਂ ਜਾਰੀ ਗਸਤੀ ਪੱਤਰ ਨੰ: 4/11/04-3ਪੀ.ਪੀ.1/4755, ਮਿਤੀ 19.4.2005, ਵੱਲ ਦਿਵਾਉਣ ਦੀ ਹਦਾਇਤ ਹੋਈ ਹੈ, ਜਿਸ ਰਾਹੀਂ ਕੇਵਲ ਵਿਸ਼ੇਸ਼ ਹਾਲਾਤਾਂ ਵਿੱਚ, ਲੋਕ ਹਿੱਤ ਕਾਰਨ ਅਤੇ ਲੋੜ ਮਹਿਸੂਸ ਹੋਣ ਤੇ ਕੁੱਝ ਸ਼ਰਤਾਂ ਦੇ ਆਧਾਰ ਤੇ ਹੀ ਕਰੰਟ ਡਿਊਟੀ ਚਾਰਜ ਦੇਣ ਸਬੰਧੀ ਪਾਲਿਸੀ ਗਾਈਡਲਾਈਨਜ਼ ਜਾਰੀ ਕੀਤੀਆਂ ਗਈਆਂ ਸਨ।

2. ਇਸ ਸਬੰਧ ਵਿੱਚ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਐਲ.ਪੀ.ਏ.ਨੰ: 1539 ਆਫ 2010 ਸਟੇਟ ਆਫ ਪੰਜਾਬ ਅਤੇ ਹੋਰ ਬਨਾਮ ਦਰਸ਼ਨ ਸਿੰਘ ਅਤੇ ਹੋਰ ਵਿੱਚ ਮਿਤੀ 15 ਨਵੰਬਰ 2010 ਨੂੰ ਫੈਸਲਾ ਕੀਤਾ ਗਿਆ, ਜੋ ਕਿ ਹੇਠ ਅਨੁਸਾਰ ਹੈ:-

> "The instant appeal filed by the State of Punjab under Clause X of the Letters Patent is directed against judgement dated 1.7.2010 rendered by the learned Single Judge holding that the petitioner-respondents would be entitled to salary for the post of Block Primary Education Officer (BPEO) for the period they worked as such i.e. respondent No. 1 from 13.7.2001 to 30.9.2002 and respondent No. 2 from 21.8.2001 to 31.8.2002. The aforesaid view of the learned Single Judge is covered by the judgement on which reliance has been placed in the case of Sevaraj v. Lt. Governor of Island, Port Blair, 1998(4) RSJ22. Even otherwise we find that there is ample support for this view from the other judgement rendered by Hon'ble Supreme Court in Smt. P. Grover v. State of Haryana. (1983) 4 SCC 291. Learned Single Judge has also made it clear that the respondents would not be entitled to any other benefit except the benefit of salary for the aforesaid period. Accordingly, the appeal fails and the same is dismissed."

3. ਮਾਨਯੋਗ ਸੁਪਰੀਮ ਕੋਰਟ ਵਲੋਂ ਐਸ.ਐਲ.ਪੀ ਨੰ: 34467 ਆਫ 2011 ਵਿੱਚ ਫੈਸਲਾ ਮਿਤੀ 16.12.2011 ਰਾਹੀਂ ਵੀ ਉਪਰੋਕਤ ਅਨੁਸਾਰ ਹੀ ਫੈਸਲਾ ਕੀਤਾ ਗਿਆ ਹੈ। ਅਦਾਲਤ ਦੇ ਉਕਤ ਫੈਸਲਿਆਂ ਦੀ ਰੋਸ਼ਨੀ ਵਿੱਚ ਮਾਮਲੇ ਨੂੰ ਮੁੜ ਵਿਚਾਰਿਆ ਗਿਆ ਹੈ ਅਤੇ ਇਸ ਸਬੰਧ ਵਿੱਚ ਪ੍ਰਸੋਨਲ ਵਿਭਾਗ ਦੇ

ਉਪਰੋਕਤ ਪੱਤਰ ਮਿਤੀ 19.4.2005 ਦੀ ਕਲਾਜ (ਅ) ਅਤੇ (ਸ) ਜੋ ਕਿ ਹੇਠ ਅਨੁਸਾਰ ਹੈ:-

(ਅ) ਖਾਲੀ ਆਸਾਮੀਆਂ ਵਿਰੁੱਧ ਕਰੰਟ ਡਿਊਟੀ ਚਾਰਜ ਸੀਨੀਆਰਤਾ ਦੇ ਆਧਾਰ ਤੇ ਕੇਵਲ ਉਨ੍ਹਾਂ ਅਧਿਕਾਰੀਆਂ/ਕਰਮਚਾਰੀਆਂ ਨੂੰ ਦਿੱਤਾ ਜਾ ਸਕਦਾ ਹੈ, ਜੋ ਹਰ ਪੱਖੋਂ ਆਸਾਮੀਆਂ ਲਈ ਪਾਤਰ ਹੋਣ ਭਾਵ ਵਿਭਾਗ ਦੇ ਸੇਵਾ ਨਿਯਮਾਂ ਵਿੱਚ ਕੀਤੇ ਉਪਬੰਧਾਂ ਅਨੁਸਾਰ ਲੋੜੀਂਦੀਆਂ ਯੋਗਤਾਵਾਂ/ਤਜਰਬਾ ਪੂਰਾ ਰੱਖਦੇ ਹੋਣ।

(ਸ) ਉਪਰਲੀ ਆਸਾਮੀ ਦਾ ਕਰੰਟ ਡਿਊਟੀ ਚਾਰਜ ਸਬੰਧਤ ਅਧਿਕਾਰੀ/ਕਰਮਚਾਰੀ ਨੂੰ ਉਸ ਦੀ ਆਪਣੀ ਆਸਾਮੀ ਦੇ ਤਨਖਾਹ ਸਕੇਲ ਵਿੱਚ ਹੀ ਦਿੱਤਾ ਜਾਵੇਗਾ ਅਤੇ ਸੀ.ਡੀ.ਸੀ. ਚਾਰਜ ਦੇ ਸਮੇਂ ਦਾ ਤਜਰਬੇ/ਸੀਨੀਆਰਤਾ ਤੇ ਕਿਸੇ ਪ੍ਰਕਾਰ ਦੇ ਵਿੱਤੀ ਲਾਭ ਲਈ ਕਿਸੇ ਪਾਸੇ ਵੀ ਕਲੇਮ ਨਹੀਂ ਹੋਵੇਗਾ।

ਵਿੱਚ ਹੇਠ ਅਨੁਸਾਰ ਸੋਧ ਕਰਨ ਦਾ ਫੈਸਲਾ ਕੀਤਾ ਗਿਆ ਹੈ:-

(ਅ) ਖਾਲੀ ਆਸਾਮੀ ਵਿਰੁੱਧ ਕਰੰਟ ਡਿਊਟੀ ਚਾਰਜ ਸੀਨੀਆਰਤਾ ਦੇ ਅਧਾਰ ਤੇ ਕੇਵਲ ਉਨ੍ਹਾਂ ਅਧਿਕਾਰੀਆਂ/ਕਰਮਚਾਰੀਆਂ ਨੂੰ ਦਿੱਤਾ ਜਾ ਸਕਦਾ ਹੈ, ਜੋ ਵਿਭਾਗ ਦੇ ਸੇਵਾ ਨਿਯਮਾਂ ਵਿੱਚ ਕੀਤੇ ਉਪਬੰਧਾਂ ਅਨੁਸਾਰ ਲੋੜੀਂਦੀਆਂ ਵਿਦਿਅਕ ਯੋਗਤਾਵਾਂ ਪੂਰੀਆਂ ਕਰਦੇ ਹੋਣ। ਪਰੰਤੂ ਉਨ੍ਹਾਂ ਦਾ ਤਜਰਬਾ ਵਿਭਾਗੀ ਨਿਯਮਾਂ ਅਨੁਸਾਰ ਲੋੜੀਂਦੇ ਤਜਰਬੇ ਤੋਂ 25% ਘੱਟ ਹੈ ਅਤੇ ਕਾਡਰ ਵਿੱਚ ਹੋਰ ਅਫਸਰਾਂ ਦੀ ਘਾਟ ਕਾਰਣ ਦਫਤਰੀ ਕੰਮ ਤੇ ਬਹੁਤ ਹੀ ਮਾੜਾ ਅਸਰ ਪੈ ਰਿਹਾ ਹੈ। ਪਰੰਤੂ ਪ੍ਰਸੋਨਲ ਵਿਭਾਗ ਦੀ ਪੂਰਵ ਪ੍ਰਵਾਨਗੀ ਤੋਂ ਬਿਨ੍ਹਾਂ ਦਿੱਤਾ ਗਿਆ ਕਰੰਟ ਡਿਊਟੀ ਚਾਰਜ ਕਿਸੇ ਵੀ ਤਰ੍ਹਾਂ ਮੰਨਣਯੋਗ ਨਹੀਂ ਹੋਵੇਗਾ ਅਤੇ ਦਿੱਤੇ ਗਏ ਵਿੱਤੀ ਲਾਭ ਜਿੰਮੇਵਾਰ ਅਧਿਕਾਰੀ/ਕਰਮਚਾਰੀ ਤੋਂ ਵਸੂਲਣਯੋਗ ਹੋਣਗੇ। ਇਹ ਵੀ ਸਪੱਸਟ ਕੀਤਾ ਜਾਂਦਾ ਹੈ ਕਿ ਕਰੰਟ ਡਿਊਟੀ ਚਾਰਜ ਨੂੰ ਕਿਸੇ ਵੀ ਸੂਰਤ ਵਿੱਚ ਪਦਉਨਤੀ ਨਹੀਂ ਸਮਝਿਆ ਜਾਵੇਗਾ।

(ਸ) ਜੇਕਰ ਅਧਿਕਾਰੀ/ਕਰਮਚਾਰੀ ਨੂੰ ਉਚੇਰੀ ਆਸਾਮੀ ਦਾ ਕਰੰਟ ਡਿਊਟੀ ਚਾਰਜ ਦਿੱਤਾ ਜਾਂਦਾ ਹੈ, ਤਾਂ ਉਸਨੂੰ ਉਚੇਰੀ ਆਸਾਮੀ ਵਾਲੀ ਤਨਖਾਹ ਮਿਲਣਯੋਗ ਹੋਵੇਗੀ। ਜੇਕਰ ਉਹ ਆਪਣੀ ਅਸਲ ਆਸਾਮੀ ਤੇ ਵੱਧ ਤਨਖਾਹ ਲੈ ਰਿਹਾ ਹੋਵੇ ਤਾਂ ਉਸਦੀ ਤਨਖਾਹ ਪ੍ਰੋਟੈਕਟ ਕੀਤੀ ਜਾਵੇਗੀ ਅਤੇ ਸਾਲਾਨਾ ਤਰੱਕੀ ਦੀ ਮਿਤੀ ਪਹਿਲਾਂ ਵਾਲੀ ਹੀ ਰਹੇਗੀ। ਕਰੰਟ ਡਿਊਟੀ ਚਾਰਜ ਤੇ ਕੰਮ ਕਰਦੇ ਅਧਿਕਾਰੀ/ਕਰਮਚਾਰੀ ਨੂੰ ਸਲਾਨਾ ਤਰੱਕੀ Substantive post ਦੇ ਤਨਖਾਹ ਸਕੇਲ ਵਿੱਚ ਹੀ ਮਿਲੇਗੀ। ਪਰੰਤੂ ਕਰੰਟ ਡਿਊਟੀ ਚਾਰਜ ਦੇ ਸਮੇਂ ਨੂੰ ਤਜਰਬੇ, ਸੀਨੀਆਰਤਾ ਸਬੰਧੀ ਕਿਸੇ ਵੀ ਹੋਰ ਲਾਭ ਲਈ ਨਹੀਂ ਗਿਣਿਆ ਜਾਵੇਗਾ।

4. ਉਪਰੋਕਤ ਤੋਂ ਇਲਾਵਾ ਹੇਠ ਅਨੁਸਾਰ ਫੈਸਲੇ ਵੀ ਲਏ ਗਏ ਹਨ :-

(i) ਸਮੂਹ ਪ੍ਰਬੰਧਕੀ ਵਿਭਾਗਾਂ ਵੱਲੋਂ ਆਪਣੇ ਵਿਭਾਗ ਵਿੱਚ ਦਿੱਤੇ ਅਧਿਕਾਰੀਆਂ/ਕਰਮਚਾਰੀਆਂ ਦੇ ਕਰੰਟ ਡਿਊਟੀ ਚਾਰਜਾਂ ਨੂੰ ਪ੍ਰਸੋਨਲ ਵਿਭਾਗ ਦੀਆਂ ਹਦਾਇਤਾਂ ਮਿਤੀ 19.4.2005 ਦੇ ਸਨਮੁੱਖ ਰਿਵਿਊ ਕੀਤਾ ਜਾਵੇ। ਜੇਕਰ ਕਰੰਟ ਡਿਊਟੀ ਚਾਰਜ ਪ੍ਰਸੋਨਲ ਵਿਭਾਗ ਦੀਆਂ ਉਕਤ ਹਦਾਇਤਾਂ ਵਿੱਚ ਕਵਰ ਨਹੀਂ ਹੁੰਦਾ ਤਾਂ ਉਹ ਹਦਾਇਤਾਂ ਜਾਰੀ ਹੋਣ ਉਪਰੰਤ ਤਰੁੰਤ ਵਾਪਿਸ ਲਿਆ ਜਾਵੇ। ਕੇਵਲ ਉਸ ਕਰੰਟ ਡਿਊਟੀ ਚਾਰਜ ਅਧੀਨ ਹੀ ਉਪਰੋਕਤ ਅਨੁਸਾਰ ਉਚੇਰੀ ਆਸਾਮੀ ਦੇ ਤਨਖਾਹ ਸਕੇਲ ਦਾ ਲਾਭ

ਮਿਲਣਯੋਗ ਹੋਵੇਗਾ ਜੋ ਕਿ ਪ੍ਰਸੋਨਲ ਵਿਭਾਗ ਦੀਆਂ ਹਦਾਇਤਾਂ ਮਿਤੀ 19.4.2005 ਵਿੱਚ ਕਵਰ ਹੁੰਦਾ ਹੈ ਅਤੇ ਪ੍ਰਸੋਨਲ ਵਿਭਾਗ ਦੀ ਪਹਿਲਾਂ ਪ੍ਰਵਾਨਗੀ ਪ੍ਰਾਪਤ ਕੀਤੀ ਗਈ ਹੈ।

(ii) ਜੇਕਰ ਸੀਨੀਆਰਤਾ ਵਿੱਚ ਸਭ ਤੋਂ ਸੀਨੀਅਰ ਕਰਮਚਾਰੀ ਕ੍ਰਿਮੀਨਲ ਕੇਸ/ਅਨੁਸ਼ਾਸ਼ਨੀ ਕਾਰਵਾਈ ਜਾਂ ਕਿਸੇ ਹੋਰ ਕਾਰਨ ਕਰਕੇ ਅਯੋਗ ਪਾਇਆ ਜਾਂਦਾ ਹੈ, ਤਾਂ ਅਜਿਹੀ ਸਥਿਤੀ ਵਿੱਚ ਉਸ ਤੋਂ ਅਗਲੇ ਸੀਨੀਅਰ ਕਰਮਚਾਰੀ ਨੂੰ ਕਰੰਟ ਡਿਊਟੀ ਚਾਰਜ ਦਿੱਤਾ ਜਾਣਾ ਹੈ, ਤਾਂ ਕੇਸ ਪ੍ਰਸੋਨਲ ਵਿਭਾਗ ਨੂੰ ਪ੍ਰਵਾਨਗੀ ਲਈ ਭੇਜਣ ਤੋਂ ਪਹਿਲਾਂ ਸਮਰੱਥ ਅਥਾਰਟੀ ਵੱਲੋਂ ਸਪੱਸ਼ਟ ਹੁਕਮ ਰਿਕਾਰਡ ਕੀਤੇ ਜਾਣਗੇ ਕਿ ਕਿਨ੍ਹਾਂ ਕਾਰਨਾਂ ਕਰਕੇ ਉਸ ਤੋਂ ਸੀਨੀਅਰ ਕਰਮਚਾਰੀ ਨੂੰ ਕੰਸੀਡਰ ਨਹੀਂ ਕੀਤਾ ਗਿਆ।

(iii) ਉਪਰੋਕਤ ਤੋਂ ਇਲਾਵਾ ਵਿਦਿਅਕ ਯੋਗਤਾ ਅਤੇ ਸੀਨੀਆਰਤਾ ਤੋਂ ਕਿਸੇ ਵੀ ਹਾਲਤ ਵਿੱਚ ਢਿੱਲ ਨਹੀਂ ਦਿੱਤੀ ਜਾਵੇਗੀ।

(iv) ਜੇਕਰ ਕਰਮਚਾਰੀ ਦੇ ਕਰੰਟ ਡਿਊਟੀ ਚਾਰਜ ਸਮੇਂ ਕਰਮਚਾਰੀ ਦੀ Substantive post ਤੇ ਏ.ਸੀ.ਪੀ.ਸਕੀਮ ਅਧੀਨ ਲਾਭ ਡਿਊ ਹੋ ਜਾਂਦਾ ਹੈ, ਤਾਂ ਉਸਨੂੰ ਉਸਦੀ Substantive post ਤੇ ਨੋਸ਼ਨਲ ਅਧਾਰ ਤੇ ਏ.ਸੀ.ਪੀ.ਸਕੀਮ ਦਾ ਲਾਭ ਮਿਲਣਯੋਗ ਹੋਵੇਗਾ ਅਤੇ ਏ.ਸੀ.ਪੀ.ਦਾ ਅਸਲ ਲਾਭ Substantive post ਤੇ ਵਾਪਿਸ ਪਰਤਣ ਤੇ ਹੀ ਮਿਲਣਯੋਗ ਹੋਵੇਗਾ। ਪਰੰਤੂ ਜੇਕਰ ਕਰਮਚਾਰੀ ਆਪਣੀ Substantive ਅਸਾਮੀ ਤੇ ਕਰੰਟ ਡਿਊਟੀ ਚਾਰਜ ਵਾਲੀ ਅਸਾਮੀ ਤੇ ਮਿਲਣ ਵਾਲੀ ਤਨਖਾਹ ਨਾਲੋਂ ਪਹਿਲਾਂ ਹੀ ਵੱਧ ਤਨਖਾਹ ਲੈ ਰਿਹਾ ਹੈ, ਤਾਂ ਉਸਨੂੰ ਏ.ਸੀ.ਪੀ.ਸਕੀਮ ਅਧੀਨ ਲਾਭ ਤੁਰੰਤ ਮਿਲਣਯੋਗ ਹੋਵੇਗਾ।

(v) ਜਿਵੇਂ ਕਿ ਐਲ.ਪੀ.ਏ. ਨੰ: 1539 ਆਫ 2010 ਵਿੱਚ ਮਾਨਯੋਗ ਹਾਈਕੋਰਟ ਵੱਲੋਂ ਮਿਤੀ 15.11.2010 ਨੂੰ ਕੀਤੇ ਹੁਕਮਾਂ ਵਿੱਚ ਸਪੱਸ਼ਟ ਕੀਤਾ ਹੋਇਆ ਹੈ ਕਿ ਤਨਖਾਹ ਤੋਂ ਇਲਾਵਾ ਹੋਰ ਕੋਈ ਲਾਭ ਮਿਲਣਯੋਗ ਨਹੀਂ ਹੈ। ਸੇਵਾ ਨਿਵਿਰਤੀ ਸਮੇਂ ਕਰੰਟ ਡਿਊਟੀ ਚਾਰਜ ਸਮੇਂ ਡਰਾਅ ਕੀਤੀ ਗਈ ਆਖਰੀ ਤਨਖਾਹ ਪੈਨਸ਼ਨਰੀ ਲਾਭ ਵਾਸਤੇ ਗਿਣਨਯੋਗ ਨਹੀਂ ਹੋਵੇਗੀ। ਅਧਿਕਾਰੀ/ਕਰਮਚਾਰੀ ਦੇ ਪੈਨਸਨਰੀ ਲਾਭ ਉਸ ਨੂੰ ਉਸ ਦੀ Substantive ਆਸਾਮੀ ਤੇ ਮਿਲਣਯੋਗ ਆਖਰੀ ਤਨਖਾਹ ਦੇ ਆਧਾਰ ਤੇ ਮਿਲਣਯੋਗ ਹੋਣਗੇ ਭਾਵ ਉਸ ਨੂੰ ਡਰਾਅ ਕੀਤੀ ਗਈ ਆਖਰੀ ਤਨਖਾਹ ਇਹ ਮੰਨ ਕੇ ਕੈਲਕੁਲੇਟ ਕੀਤੀ ਜਾਵੇਗੀ ਕਿ ਉਹ ਆਪਣੀ ਅਸਲ ਆਸਾਮੀ ਤੋਂ ਸੇਵਾ ਨਿਵਿਰਤ ਹੋਇਆ ਹੈ।

5. ਜੇਕਰ ਕਿਸੇ ਸਮਰੱਥ ਅਥਾਰਟੀ ਵੱਲੋਂ ਪ੍ਰਸੋਨਲ ਵਿਭਾਗ ਦੀ ਪੂਰਵ ਪ੍ਰਵਾਨਗੀ ਤੋਂ ਬਿਨ੍ਹਾਂ ਜਾਂ ਇਨ੍ਹਾਂ ਹਦਾਇਤਾਂ ਦੀ ਉਲੰਘਣਾ ਕਰਦੇ ਹੋਏ ਕਿਸੇ ਕਰਮਚਾਰੀ ਨੂੰ ਕਰੰਟ ਡਿਊਟੀ ਚਾਰਜ ਦਿੱਤਾ ਜਾਂਦਾ ਹੈ, ਤਾਂ ਅਜਿਹੀ ਸਥਿਤੀ ਵਿੱਚ ਕਰਮਚਾਰੀ ਨੂੰ ਕੀਤੀ ਗਈ ਵਾਧੂ ਵਿੱਤੀ ਅਦਾਇਗੀ ਦੀ 100% ਰਿਕਵਰੀ ਸਮਰੱਥ ਅਥਾਰਿਟੀ ਦੀ ਤਨਖਾਹ ਵਿੱਚੋਂ ਕੀਤੀ ਜਾਵੇਗੀ।

6. ਇਹ ਵੀ ਵੇਖਣ ਵਿੱਚ ਆਇਆ ਹੈ ਕਿ ਕਰਮਚਾਰੀ ਨੂੰ ਉੱਚ ਆਸਾਮੀ ਦਾ ਚਾਰਜ ਦਿੰਦੇ ਹੋਏ ਹੁਕਮਾਂ ਵਿੱਚ ਸਮਰੱਥ ਅਥਾਰਿਟੀ ਵੱਲੋਂ ਇਹ ਰਿਕਾਰਡ ਕਰ ਦਿੱਤਾ ਜਾਂਦਾ ਹੈ ਕਿ ਇਹ ਚਾਰਜ ਬਿਨ੍ਹਾਂ ਕਿਸੇ ਵਾਧੂ ਵਿੱਤੀ ਲਾਭ ਦੇ Own Rank and Pay ਵਿੱਚ ਦਿੱਤਾ ਜਾ ਰਿਹਾ ਹੈ। ਇਹ ਹਦਾਇਤਾਂ ਜਾਰੀ ਹੋਣ ਉਪਰੰਤ ਅਜਿਹੇ ਹੁਕਮ ਰੂਲਾਂ ਅਤੇ ਇਨ੍ਹਾਂ ਹਦਾਇਤਾਂ ਦੀ ਉਲੰਘਣਾ ਹੋਣਗੇ, ਜਿਸ ਲਈ ਸਬੰਧਤ ਸਮਰੱਥ ਅਥਾਰਿਟੀ ਨਿੱਜੀ ਤੌਰ ਤੇ ਜਿੰਮੇਵਾਰ ਹੋਣਗੇ।

7. ਇਹ ਵੀ ਸਪੱਸ਼ਟ ਕੀਤਾ ਜਾਂਦਾ ਹੈ ਕਿ ਸਰਕਾਰ ਵੱਲੋਂ ਪਹਿਲਾਂ ਵੀ ਇਹ ਹਦਾਇਤਾਂ ਜਾਰੀ ਕੀਤੀਆਂ ਹੋਈਆਂ ਹਨ ਕਿ ਹਰੇਕ ਵਿਭਾਗ ਦੀ ਇਹ ਜਿੰਮੇਂਵਾਰੀ ਹੈ ਕਿ ਸਮੇਂ-ਸਮੇਂ ਸਿਰ ਕੀਤੀ ਵਾਲੀ ਵਿਭਾਗੀ ਤਰੱਕੀ ਕਮੇਟੀ ਦੀ ਮੀਟਿੰਗ ਕਰਨ ਵਿੱਚ ਬੇਲੋੜੀ ਦੇਰੀ ਨਾ ਕੀਤੀ ਜਾਵੇ। ਬਾਕੀ ਮੁਲਾਜਮਾਂ ਵਾਂਗ ਹੀ ਜਦੋਂ ਕਰੰਟ ਡਿਊਟੀ ਚਾਰਜ ਅਧੀਨ ਕਰਮਚਾਰੀ ਆਪਣਾ ਤਜਰਬਾ ਪੂਰਾ ਕਰ ਲੈਣ, ਤਾਂ ਪ੍ਰਬੰਧਕੀ ਵਿਭਾਗ ਵੱਲੋਂ ਬਿਨ੍ਹਾਂ ਕਿਸੇ ਦੇਰੀ ਦੇ ਡੀ.ਪੀ.ਸੀ. ਦੀ ਮੀਟਿੰਗ ਕਰਨੀ ਯਕੀਨੀ ਬਣਾਈ ਜਾਵੇ ਤਾਂ ਜੋ ਮੁਲਾਜਮਾਂ ਨੂੰ ਸਮੇਂ ਸਿਰ ਤਰੱਕੀ ਮਿਲ ਸਕੇ।

8. ਉਪਰੋਕਤ ਹਦਾਇਤਾਂ ਜਾਰੀ ਹੋਣ ਦੇ 30 ਦਿਨਾਂ ਦੇ ਅੰਦਰ ਕਰੰਟ ਡਿਊਟੀ ਚਾਰਜ ਸਬੰਧੀ ਜਾਰੀ ਕੀਤੇ ਪਹਿਲੇ ਹੁਕਮ ਰਿਵਿਊ ਕਰਦੇ ਹੋਏ ਇਨ੍ਹਾਂ ਹਦਾਇਤਾਂ ਦੇ ਸਨਮੁੱਖ ਨਵੇਂ ਹੁਕਮ ਜਾਰੀ ਕੀਤੇ ਜਾਣ।

9. ਕਰੰਟ ਡਿਊਟੀ ਚਾਰਜ ਸਬੰਧੀ ਕੇਸ ਪ੍ਰਸੋਨਲ ਵਿਭਾਗ ਨੂੰ ਨਾਲ ਨੱਥੀ ਪ੍ਰੋਫਾਰਮੇ ਅਨੁਸਾਰ ਤਿਆਰ ਕਰਕੇ ਪ੍ਰਵਾਨਗੀ ਲਈ ਭੇਜਿਆ ਜਾਵੇ।

10. ਇਹ ਪੱਤਰ ਵਿੱਤ ਵਿਭਾਗ ਦੇ ਅੰ:ਵਿ:ਪੱ:ਨੰ: 21/13/2016-1ਐਫ.ਪੀ2/181, ਮਿਤੀ 29.4.2016 ਅਤੇ ਮਿਤੀ 3.11.2016 ਰਾਹੀਂ ਦਿੱਤੀ ਸਹਿਮਤੀ ਸਨਮੁੱਖ ਜਾਰੀ ਕੀਤਾ ਗਿਆ ਹੈ।

11. ਇਹ ਹਦਾਇਤਾਂ ਮਾਨਯੋਗ ਮੁੱਖ ਮੰਤਰੀ ਜੀ ਦੀ ਪ੍ਰਵਾਨਗੀ ਪ੍ਰਾਪਤ ਕਰਨ ਉਪਰੰਤ ਜਾਰੀ ਕੀਤੀਆਂ ਜਾਂਦੀਆਂ ਹਨ।

12. ਕਰੰਟ ਡਿਊਟੀ ਚਾਰਜ ਦੇਣ ਸਮੇਂ ਇਸ ਵਿਭਾਗ ਦੀਆਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਯਕੀਨੀ ਬਣਾਈ ਜਾਵੇ ਅਤੇ ਇਹਨਾਂ ਹਦਾਇਤਾਂ ਨੂੰ ਆਪਣੇ ਸਮੂਹ ਅਧਿਕਾਰੀਆਂ/ਕਰਮਚਾਰੀਆਂ ਦੇ ਧਿਆਨ ਵਿੱਚ ਲਿਆ ਦਿੱਤਾ ਜਾਵੇ।

ਵਿਸ਼ਵਾਸ਼ਪਾਤਰ,

ਵਧੀਕ ਸਕੱਤਰ ਪ੍ਰਸੋਨਲ

ਇਸ ਦਾ ਇੱਕ ਉਤਾਰਾ ਪੰਜਾਬ ਸਰਕਾਰ ਦੇ ਸਮੂਹ ਵਿੱਤੀ ਕਮਿਸਨਰਾਂ, ਪ੍ਰਮੁੱਖ ਸਕੱਤਰਾਂ ਅਤੇ ਪ੍ਰਬੰਧਕੀ ਸਕੱਤਰਾਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਵਧੀਕ ਸਕੱਤਰ ਪ੍ਰਸੋਨਲ

ਸੇਵਾ ਵਿਖੇ

ਸਮੂਹ ਵਿੱਤੀ ਕਮਿਸ਼ਨਰ, ਪ੍ਰਮੁੱਖ ਸਕੱਤਰ ਅਤੇ
ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ।

ਅੰ:ਵਿ:ਪੱ:ਨੰ: 4/13/2015-3ਪੀ.ਪੀ.1/੪੧।੪੧/੨ ਮਿਤੀ: ੧੫-੧੨-੨੦16

ਪ੍ਰੋਫਾਰਮਾ (ਕਰੰਟ ਡਿਊਟੀ ਚਾਰਜ ਦੇਣ ਸਬੰਧੀ

| 1) | 2) | 3) | 4) | 5) | 6) | 7) | 8) | 9) | 10) | 11) | 12) | 13) | 14) | 15) |
|---|---|---|---|---|---|---|---|---|---|---|---|---|---|---|
| ਵਿਭਾਗ ਦਾ ਨਾਂ | ਅਧਿਕਾਰੀ/ ਕਰਮਚਾਰੀ ਦਾ ਨਾਂ | ਜਿਸ ਮੌਜੂਦਾ ਆਸਾਮੀ ਤੇ ਤੈਨਾਤ ਹੈ ਉਸ ਦਾ ਅਹੁਦਾ ਅਤੇ ਤਨਖਾਹ ਸਕੇਲ | ਉਸ ਵੱਲੋਂ ਲਈ ਜਾ ਰਹੀ ਅਸਲ ਤਨਖਾਹ | ਜਿਸ ਆਸਾਮੀ ਦਾ ਕਰੰਟ ਡਿਊਟੀ ਚਾਰਜ ਦਿੱਤਾ ਜਾਣਾ ਹੈ ਉਸ ਆਸਾਮੀ ਦਾ ਨਾਂ ਸਮੇਤ ਤਨਖਾਹ ਸਕੇਲ | ਕਰੰਟ ਡਿਊਟੀ ਚਾਰਜ ਵਾਲੀ ਆਸਾਮੀ ਲਈ ਵਿਭਾਗੀ ਰੂਲਾਂ ਅਨੁਸਾਰ ਲੋੜੀਂਦੀ ਵਿਦਿਅਕ ਯੋਗਤਾ ਅਤੇ ਤਜਰਬਾ (ਰੂਲਾਂ ਦੀ ਕਾਪੀ ਨਾਲ ਲਗਾਈ ਜਾਵੇ) | ਕੀ ਅਧਿਕਾਰੀ/ ਕਰਮਚਾਰੀ ਵਿਦਿਅਕ ਯੋਗਤਾ ਦੀਆਂ ਸਰਤਾਂ ਪੂਰੀ ਕਰਦਾ ਹੈ ( ਜੇਕਰ ਹਾਂ ਤਾਂ ਕਰਮਚਾਰੀ ਵੱਲੋਂ ਵਿਭਾਗੀ ਰੂਲਾਂ ਅਨੁਸਾਰ ਵਿਦਿਅਕ ਯੋਗਤਾ ਪ੍ਰਾਪਤ ਕਰਨ ਦਾ ਸਮਰੱਥ ਅਥਾਰਟੀ ਦੇ ਹਸਤਾਖਰਾਂ ਹੇਠ ਸਰਟੀਫਿਕੇਟ) | ਕੀ ਕਰਮਚਾਰੀ/ ਅਧਿਕਾਰੀ ਵੱਲੋਂ ਵਿਭਾਗੀ ਨਿਯਮਾਂ ਅਨੁਸਾਰ ਬਣਦੇ ਤਜਰਬੇ ਦਾ 75% ਜਾਂ ਇਸ ਤੋਂ ਵੱਧ ਤਜਰਬਾ ਹਾਸਲ ਕਰ ਲਿਆ ਹੈ। | ਜੇਕਰ ਕਰਮਚਾਰੀ ਸਭ ਤੋ ਸੀਨੀਅਰ ਨਹੀਂ ਹੈ ਤਾਂ ਉਸ ਤੋਂ ਸੀਨੀਅਰ ਅਧਿਕਾਰੀ/ ਕਰਮਚਾਰੀ ਨੂੰ ਨਾ ਵਿਚਾਰੇ ਜਾਣ ਦੇ ਕਾਰਨ | ਕਿਹੜੇ ਵਿਸ਼ੇਸ਼ ਹਾਲਾਤ ਹਨ ਜਿਨ੍ਹਾਂ ਕਰਕੇ ਕਰੰਟ ਡਿਊਟੀ ਚਾਰਜ ਦੇਣ ਦੀ ਲੋੜ ਹੈ | ਕੀ ਕਰਮਚਾਰੀ ਰੂਲਾਂ ਅਨੁਸਾਰ ਪ੍ਰੋਮੋਸ਼ਨਾਂ ਦੀਆਂ ਸ਼ਰਤਾਂ ਪੂਰੀਆਂ ਕਰਦਾ ਹੈ ਜੇਕਰ ਹਾਂ ਤਾਂ ਪ੍ਰੋਮੋਸ਼ਨ ਨਾ ਕਰਦੇ ਹੋਏ ਕਰੰਟ ਡਿਊਟੀ ਚਾਰਜ ਦੇਣ ਦੇ ਕਾਰਨ | ਕੀ ਅਧਿਕਾਰੀ ਵਿਰੁੱਧ ਕੋਈ ਅਪਰਾਧਿਕ ਮਾਮਲਾ ਜਾਂ ਵਿਭਾਗੀ ਕਾਰਵਾਈ ਆਰੰਭੀ/ ਲੰਬਿਤ ਹੈ ਤਾਂ ਉਸ ਦੇ ਵੇਰਵੇ ਦਿੱਤੇ ਜਾਣ। | ਸਬੰਧਤ ਅਧਿਕਾਰੀ/ ਕਰਮਚਾਰੀ ਵੱਲੋਂ ਸਵੈ-ਘੋਸਣਾਂ ਨਾਲ ਨੱਥੀ ਕੀਤੀ ਜਾਵੇ ਕਿ ਹਦਾਇਤਾਂ ਅਨੁਸਾਰ ਮਿਲਣ ਵਾਲੇ ਲਾਭ ਤੋਂ ਇਲਾਵਾ ਉਹ ਹੋਰ ਕੋਈ ਲਾਭ ਦੀ ਮੰਗ ਨਹੀਂ ਕਰੇਗਾ ਅਤੇ ਜੇਕਰ ਗਲਤੀਵਸ ਕੋਈ ਫਾਲਤੂ ਲਾਭ ਦਿੱਤਾ ਗਿਆ ਹੈ ਤਾਂ ਉਹ ਸਮਰੱਥ ਅਥਾਰਟੀ ਦੇ ਹੁਕਮਾਂ ਸਨਮੁੱਖ ਵਾਪਿਸ ਕਰਨ ਲਈ ਤਿਆਰ ਹੈ। | ਪਿਛਲੇ ਪੰਜ ਸਾਲਾਂ ਦੀਆਂ ਗੁਪਤ ਰਿਪੋਰਟਾਂ ਦਾ ਸਾਰ | ਦਿਆਨਤਦਾਰੀ ਸਬੰਧੀ ਸਮਰੱਥ ਅਥਾਰਟੀ ਦੇ ਹਸਤਾਖਰਾਂ ਹੇਠ ਸਰਟੀਫਿਕੇਟ |